# Punjabi University inter college Weight Lifting Men /Women Championship Men session 2022-23

Punjabi University inter college  Weight Lifting Men/Women championship Held At Sri Guru Teg Bahadur Khalsa College Sri Anandpur on dated 15/11/2022 to 17/11/2022 and  our college Men /Women team over- all winner in this championship. Women team won 7Gold Medals, 2Silver  and Men team won 3Gold,4Silver And 2Bronze Medals.7 players  of Women team and 6 players of Men team selected for  all India inter varsity  camp.






ਪੰਜਾਬ ਟਾਇਮਜ਼
Leading Punjabi daily newspaper

# ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿਖੇ ਚੱਲ ਰਹੀ ਤਿੰਨ ਰੋਜ਼ਾ ਅੰਤਰ-ਕਾਲਜ ਵੇਟ ਲਿਫ਼ਟਿੰਗ ਚੈਂਪੀਅਨਸ਼ਿਪ ਸ਼ਾਨੋ-ਸ਼ੌਕਤ ਨਾਲ ਸੰਪੰਨ



ਪੰਜਾਬ ਟਾਇਮਜ਼ | ਖਬਰ

ਸ੍ਰੀ ਅਨੰਦਪੁਰ ਸਾਹਿਬ, 17 ਨਵੰਬਰ (ਦਵਿੰਦਰਪਾਲ ਸਿੰਘ/ਅੰਕੁਸ਼)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਖ਼ੁਦਮੁਖਤਿਆਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਚੱਲ ਰਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਤਿੰਨ ਰੋਜ਼ਾ ਅੰਤਰ-ਕਾਲਜ ਵੇਟ ਲਿਫ਼ਟਿੰਗ ਚੈਂਪੀਅਨਸ਼ਿਪ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਈ ਹੈ ਜ਼ਿਕਰਯੋਗ ਹੈ ਕਿ ਇਸ ਚੈਂਪੀਅਨਸ਼ਿਪ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਤਕਰੀਬਨ 14 ਕਾਲਜਾਂ ਦੀਆਂ ਵੱਖ-ਵੱਖਰੀਆਂ ਟੀਮਾਂ ਨੇ ਵੇਟ ਲਿਫ਼ਟਿੰਗ ਦੀਆਂ 9 ਕੈਟਾਗਿਰੀਆਂ ਵਿੱਚ ਭਾਗ ਲਿਆ ਜਿਸ ਵਿੱਚੋਂ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਖਿਡਾਰੀਆਂ ਨੇ ਓਵਰਆਲ ਚੈਂਪੀਅਨਸ਼ਿਪ ਜਿੱਤ ਕੇ ਕਾਲਜ ਦਾ ਮਾਣ ਵਧਾਇਆ ਹੈ ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਅਤੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਇਹੋ ਜਿਹੇ ਮੁਕਾਬਲੇ ਵਿਿਦਆਰਥੀਆਂ ਲਈ ਇੱਕ ਪਲੇਟਫ਼ਾਰਮ ਦਾ ਕੰਮ ਕਰਦੇ ਹਨ ਜਿਨ੍ਹਾਂ ਵਿੱਚੋਂ ਚੰਗੇ ਖਿਡਾਰੀ ਨਿੱਕਲ ਕੇ ਅੱਗੇ ਆਉਂਦੇ ਹਨ ਤੇ ਅੱਗੋਂ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਖ਼ੁਦ ਨੂੰ ਪੇਸ਼ ਕਰਕੇ ਜਿੱਥੇ ਇੱਕ ਪਾਸੇ ਆਪਣਾ, ਆਪਣੇ ਮਾਪਿਆਂ ਦਾ, ਕਾਲਜ ਅਤੇ ਇਲਾਕੇ ਦਾ ਨਾਂ ਰਸ਼ਨਾਉਂਦੇ ਹਨ ਉੱਥੇ ਹੀ ਹੋਰਨਾਂ ਵਿਿਦਆਰਥੀਆਂ ਲਈ ਵੀ ਪ੍ਰੇਰਣਾ ਸ੍ਰੋਤ ਬਣਦੇ ਹਨ ਇਸ ਸੰਬੰਧੀ ਪ੍ਰੋ.ਅਸ਼ੋਕ ਕੁਮਾਰ (ਮੁਖੀ, ਸਰੀਰਕ ਸਿੱਖਿਆ ਵਿਭਾਗ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਐਸ.ਜੀ.ਟੀ.ਬੀ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਖਿਡਾਰੀਆਂ ਨੇ 10 ਗੋਲਡ, 4 ਸਿਲਵਰ ਅਤੇ 2 ਕਾਂਸੇ ਦੇ ਤਗਮੇ ਜਿੱਤੇ ਹਨ ਅਤੇ ਓਵਰਆਲ ਚੈਂਪੀਅਨਸ਼ਿਪ ਹਾਸਿਲ ਕੀਤੀ ਹੈ ਜਦ ਕਿ ਮੋਦੀ ਕਾਲਜ, ਪਟਿਆਲਾ ਰਨਰ ਅੱਪ ਰਿਹਾ ਹੈ ਲੜਕੀਆਂ ਦੀ ਚੈਂਪੀਅਨਸ਼ਿਪ ਵਿੱਚੋਂ ਰਮਨਦੀਪ ਕੌਰ ਚੁੱਪਕੀ ਕਾਲਜ ਅਤੇ ਲੜਕਿਆਂ ਦੀ ਚੈਂਪੀਅਨਸ਼ਿਪ ਵਿੱਚੋਂ ਸੌਰਵ ਯਾਦਵ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਨੂੰ ਸਰਵੋਤਮ ਵੇਟ ਲਿਫ਼ਟਰਜ਼ ਘੋਸ਼ਿਤ ਕੀਤਾ ਗਿਆ ਮੁਕਾਬਲਿਆਂ ਦੇ ਅੰਤ ਵਿੱਚ ਓਵਰਆਲ ਚੈਂਪੀਅਨ ਟੀਮ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ, ਸ੍ਰੀ ਅਨੰਦਪੁਰ ਸਾਹਿਬ ਦੇ ਖਿਡਾਰੀਆਂ ਨੂੰ ਡਾ.ਜਤਿੰਦਰ ਸਿੰਘ ਗਿੱਲ (ਪ੍ਰਿੰਸੀਪਲ ਸਰਕਾਰੀ ਕਾਲਜ, ਰੋਪੜ) ਵੱਲੋਂ ਟ੍ਰਾਫ਼ੀ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਮੌਕੇ ਹੋਰਨਾਂ ਤੋਂ ਇਲਾਵਾ ਡਾ.ਸੁੱਚਾ ਸਿੰਘ ਢੇਸੀ, ਅਰਜਨ ਅਵਾਰਡੀ ਪਰਮਜੀਤ ਸ਼ਰਮਾ (ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ), ਸ੍ਰੀ.ਦਵਿੰਦਰ ਕੁਮਾਰ ਸ਼ਰਮਾ (ਰਿਟਾਇਰਡ ਚੀਫ਼ ਕੋਚ, ਸਪੋਰਟਸ ਅਥਾਰਟੀ ਇੰਡੀਆ), ਪ੍ਰੋ.ਪ੍ਰਭਜੀਤ ਸਿੰਘ, ਸੁਰਿੰਦਰ ਭੱਲਾ, ਪ੍ਰੋ.ਰਨਵੀਰ ਕੌਰ, ਕਬੱਡੀ ਕੋਚ ਗੁਰਦੇਵ ਸਿੰਘ ਆਦਿ ਹਾਜ਼ਰ ਸਨ।

Main Edition
Nov 18, 2022 Page No. 5
Powered by : eReleGo.com

# खालसा कॉलेज की लड़कियों ने जीती चैंपियनशिप

भास्कर न्यूज | आनंदपुर साहिब



विजेताओं को सम्मानित करते हुए प्रिंसिपल डॉ. जसवीर सिंह व अन्य।

श्री गुरु तेग बहादर खालसा कॉलेज आनंदपुर साहिब में पंजाबी यूनिवर्सिटी पटियाला की अंतर कॉलेज वेट लिफ्टिंग चैंपियनशिप( लड़के-लड़कि यों) करवाई जा रही है, जिसमें करीब 14 कॉलेजों के लड़के-लड़कियों की टीमें हिस्सा ले रही हैं। इस मौके कॉलेज प्रिंसिपल डॉ. जसवीर सिंह ने बाहर से आए गणमान्यों का स्वागत किया और खिलाड़ियों की हौसला अफजाई करते हुए उन्हें बढ़चढ़ कर खेलों में हिस्सा लेने के लिए प्रेरित किया। ताकि वह खेलों में अपनी अलग पहचान बन सकें। चैंपियनशिप के पहले दिन लड़कियों के मुकाबले करवाए गए, जिसमें 4 वेट लिफ्टिंग कैटागिरियों के मुकाबले हुए। जिनमें से 48 किलोग्राम वेट कैटागिरी में सिमरनजीत कौर एजीटीबी खालसा कॉलेज आनंदपुर साहिब ने पहला स्थान, जबकि अर्चना सरकारी कॉलेज मोहाली रनरअप रही और रावीया बेगम सरकारी कॉलेज मलेरकोटला ने तीसरा स्थान प्राप्त किया। इसी तरह 58 व 63 किलोग्राम वेट कैटागिरी में जशनप्रीत कौर और रवनदीप कौर श्री गुरु तेग बहादर खालसा कॉलेज आनंदपुर साहिब ने सोने का तगमा जीता। जबकि 53 किलोग्राम वेट कैटागिरी में रमनदीप कौर एनसीपीई कॉलेज चुपकी प्रथम स्थान पर रही। इस दौरान प्रो. अशोक कुमार मुखी शारीरिक शिक्षा विभाग, डॉ. सुच्चा सिंह ढेरी, अर्जुन अवार्डी परमजीत शर्मा( पंजाबी यूनिवर्सिटी पटियाला), सुरिंदर भल्ला, डॉ रविंदर सिंह रोखी, डॉ. सुरिंद शर्मा, डॉ. बलजीत सिंह चाना, प्रो रनवीर कौर, कबड्डी कोच गुरदेव सिंह आदि उपस्थित थे।